# ਆਕਾਸ਼ਵਾਣੀ ਜਲੰਧਰ

## ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 13-08-2025**

ਦੇਸ਼ ਭਰ ਦੇ ਕਿਸਾਨਾਂ ਨੇ ਵਿਦੇਸ਼ੀ ਦਬਾਅ ਦੇ ਬਾਵਜੂਦ, ਵਪਾਰਕ ਸਮਝੌਤਿਆਂ ਵਿੱਚ ਦਲੇਰਾਨਾ ਫੈਸਲੇ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਧੰਨਵਾਦ ਕੀਤਾ ਏ । ਕਿਸਾਨ ਜਥੇਬੰਦੀਆਂ ਦੇ ਨੇਤਾਵਾਂ ਅਤੇ ਕਾਸ਼ਤਕਾਰਾਂ ਦੇ ਇੱਕ ਵੱਡੇ ਇਕੱਠ ਨੇ ਕੱਲ੍ਹ ਨਵੀਂ ਦਿੱਲੀ ਵਿੱਚ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਮੁਲਾਕਾਤ ਕੀਤੀ, ਤੇ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸਰਕਾਰ ਦੀ ਫੈਸਲਾਕੁੰਨ ਕਾਰਵਾਈ ਲਈ ਧੰਨਵਾਦ ਕੀਤਾ ਅਤੇ ਹਮਾਇਤ ਪ੍ਰਗਟਾਈ

- byte -

ਇਸ ਮੌਕੇ ਮੰਤਰੀ, ਸ਼ਿਵਰਾਜ ਸਿੰਘ ਚੌਹਾਨ ਨੇ ਦੁਹਰਾਇਆ ਕਿ ਸਰਕਾਰ ਜਲਦ ਹੀ, ਨਕਲੀ ਖਾਦਾਂ ਅਤੇ ਰਸਾਇਣ ਬਣਾਉਣ ਵਾਲਿਆਂ ਖਿਲਾਫ ਇੱਕ ਨਵਾਂ ਕਾਨੂੰਨ ਪੇਸ਼ ਕਰੇਗੀ। ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਤਹਿਤ ਕਿਸਾਨਾਂ ਨੂੰ ਵੰਡੀਆਂ ਜਾ ਰਹੀਆਂ ਬੀਮਾ ਰਕਮਾਂ ਦੀ ਡਿਜੀਟਲ ਅਦਾਇਗੀ ਦਾ ਜ਼ਿਕਰ ਕਰਦਿਆਂ, ਮੰਤਰੀ ਨੇ ਕਿਹਾ ਕਿ

ਕਿਸਾਨਾਂ ਦੀ ਭਲਾਈ ਲਈ ਵੱਖ-ਵੱਖ ਯੋਜਨਾਵਾਂ ਨੂੰ ਪਹਿਲ ਦੇ ਆਧਾਰ 'ਤੇ ਅੱਗੇ ਵਧਾਇਆ ਜਾ ਰਿਹਾ ਏ।

---------------------------------------------------------

ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਰਹਿੰਦ ਵਿਖੇ ਬਣਨ ਵਾਲੇ 500 – ਗ੍ਰਾਮ ਪੰਚਾਇਤ ਭਵਨਾਂ ਦਾ ਨੀਂਹ ਪਥਰ ਰਖਿਆ ਇਸ ਤੋਂ ਪਹਿਲਾਂ ਓਹਨਾਂ ਨੇ ਨਵੇਂ ਚੁਣੇ ਗਏ ਮਹਿਲਾ ਸਰਪੰਚ ਅਤੇ ਪੰਚਾਂ ਨੂੰ ਮਹਾਰਾਸ਼ਟਰ ਵਿਚ ਸਿਖਲਾਈ ਦਵਾਉਣ ਲਈ ਰੇਲ ਰਾਹੀਂ ਰਵਾਨਾ ਵੀ ਕੀਤਾ.

---------------------------------------------------------

ਜਲੰਧਰ ਕਮਿਸ਼ਨਰੇਟ ਪੁਲਿਸ ਵਲੋਂ ਅੱਜ ਨਸ਼ੀਲੇ ਪਦਾਰਥਾਂ ਤੇ ਹਥਿਆਰਾਂ ਦੀ ਤਸਕਰੀ ਦੇ ਇੱਕ ਵੱਡੇ ਨੈਟਵਰਕ ਦਾ ਪਰਦਾਫਾਸ਼ ਕੀਤਾ ਗਿਆ ਏ. ਪੁਲਿਸ ਕਾਰਵਾਈ ‘ਚ ਪੰਜ ਵਿਅਕਤੀਆਂ ਨੂੰ 7 ਪਿਸਤੌਲਾਂ ਅਤੇ ਡੇਢ ਕਿਲੋ ਤੋਂ ਵਧ ਹਿਰੋਏਨ ਨਾਲ ਗਿਰਫਤਾਰ ਕੀਤਾ ਗਿਆ ਏ.
ਇਸ ਗਿਰਫਤਾਰੀ ਨਾਲ ਗੈਰ – ਕਾਨੂਨੀ ਢੰਗ ਨਾਲ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਨੈਟਵਰਕ ਦਾ ਪਰਦਾਫਾਸ਼ ਕਰਨ ‘ਚ ਕਾਮਯਾਬੀ ਮਿਲੀ ਏ.

---------------------------------------------------------

ਪੰਜਾਬ ਵਿੱਚ, 79 ਵੇਂ ਆਜ਼ਾਦੀ ਦਿਵਸ ਦੇ ਸੰਬੰਧ ‘ਚ ਨਾ ਸਿਰਫ਼ ਆਮ ਨਾਗਰਿਕਾਂ ਵਲੋਂ, ਸਗੋਂ ਜਲੰਧਰ ਅਤੇ ਰਾਜ ਦੀਆਂ ਹੋਰਨਾਂ ਥਾਵਾਂ 'ਤੇ ਤਾਇਨਾਤ ਕੇਂਦਰੀ ਹਥਿਆਰਬੰਦ ਪੁਲਿਸ ਬਲਾਂ (CAPF) ਵਲੋਂ ਵੀ 'ਹਰ ਘਰ ਤਿਰੰਗਾ' ਰੈਲੀਆਂ ਦੀ ਇੱਕ ਲੜੀ ਜਾਰੀ ਏ । ਇੱਕ ਰਿਪੋਰਟ v / c

---------------------------------------------------------------

ਪਠਾਨਕੋਟ, ਡਲਹੌਜ਼ੀ, ਚੰਬਾ ਰਾਸ਼ਟਰੀ ਸ਼ਾਹਰਾਹ 'ਤੇ ਜ਼ਮੀਨ ਖਿਸਕਣ ਕਾਰਣ ਬੰਦ ਹੋਏ ਸ਼ਾਹਰਾਹ ਨੂੰ ਮੁਰੰਮਤ ਦੇ ਬਾਅਦ ਦੁਬਾਰਾ ਖੋਲ੍ਹ ਦਿੱਤਾ ਗਿਆ ਏ. ਫਿਲਹਾਲ ਇਸ ਸ਼ਾਹਰਾਹ ਨੂੰ ਹਲਕੇ ਵਾਹਨਾਂ ਲਈ ਖੋਲਿਆ ਗਿਆ ਏ. ਜਦਕਿ ਭਾਰੀ ਵਾਹਨਾਂ ਦੀ ਆਵਾਜਾਈ 'ਤੇ ਅਗਲੇ ਆਦੇਸ਼ਾਂ ਤਕ ਪਾਬੰਦੀ ਲਾਈ ਗਈ ਏ. ਜ਼ਿਲਾ ਪ੍ਰਸ਼ਾਸਨ ਨੇ ਅਧਿਕਾਰੀਆਂ ਨੂੰ ਦੱਸਿਆ ਏ ਕਿ ਪਹਾੜੀ ਇਲਾਕੇ 'ਚ ਭਾਰੀ ਬਾਰਿਸ਼ ਦੇ ਚਲਦਿਆਂ ਦੁਨੇਰਾ ਨੇੜ੍ਹੇ ਸੜ੍ਹਕ ਦੇ ਨੁਕਸਾਨੇ ਜਾਣ ਦੇ ਬਾਅਦ ਸ਼ਾਹਰਾਹ 'ਤੇ ਵਾਹਨਾਂ ਦੀ ਆਵਾਜਾਈ ਨੂੰ ਬੰਦ ਕਰ ਦਿੱਤਾ ਗਿਆ ਸੀ. ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀ ਨੇ ਦੱਸਿਆ ਏ ਕਿ ਸੜ੍ਹਕ ਦੀ ਪੱਕੀ ਮੁਰੰਮਤ 'ਚ ਥੋੜਾ ਸਮਾਂ ਲਗੇਗਾ ਜੋ ਕਿ ਬਾਰਿਸ਼ਾਂ ਦੇ ਖਤਮ ਹੋਣ ਤੋਂ ਬਾਅਦ ਹੀ ਸੰਭਵ ਹੋਏਗਾ.

---------------------------------------------------------------

ਨੌਵੇਂ ਪਾਤਸ਼ਾਹ ਸ੍ਰੀ  ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਸਮਾਗਮਾਂ ਦੇ ਵੇਰਵੇ ਜਾਰੀ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਏ ਕਿ ਗੁਰੂ ਸਾਹਿਬ ਦੀ ਚਰਨਛੋਹ ਪ੍ਰਾਪਤ ਪਾਵਨ ਅਸਥਾਨ, ਗੁਰਦੁਆਰਾ ਸ੍ਰੀ ਧੋਬੜੀ ਸਾਹਿਬ, ਆਸਾਮ ਤੋਂ ਵਿਸ਼ਾਲ ਕੌਮੀ ਨਗਰ ਕੀਰਤਨ 21 ਅਗਸਤ ਨੂੰ ਆਰੰਭ ਹੋਵੇਗਾ। ਅੱਜ ਮੀਡੀਆ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਸ਼ਹੀਦੀ ਨਗਰ ਕੀਰਤਨ ਦੇਸ਼ ਦੇ 20 ਸੂਬਿਆਂ ਵਿਚੋਂ ਦੀ ਲੰਘੇਗਾ.